Australian Government

COVID-19 VACCINATION

# 6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਕੁਝ ਬੱਚਿਆਂ ਲਈ COVID-19 ਟੀਕਾਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ

18 ਜਨਵਰੀ 2023

ਆਸਟ੍ਰੇਲੀਆ ਦੇ ਟੀਕਾਕਰਨ ਮਾਹਰ, Australian Technical Advisory Group on Immunisation, ਗੰਭੀਰ ਤੌਰ 'ਤੇ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀ ਵਾਲੇ, ਅਪਾਹਜਤਾ ਵਾਲੇ 6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਅਤੇ ਉਨ੍ਹਾਂ ਲਈ COVID-19 ਟੀਕਾਕਰਨ ਦੀ ਸਿਫਾਰਸ਼ ਕਰਦੇ ਹਨ ਜਿਨ੍ਹਾਂ ਨੂੰ ਗੁੰਝਲਦਾਰ ਅਤੇ/ਜਾਂ ਕਈ ਸਾਰੀਆਂ ਸਿਹਤ ਸਮੱਸਿਆਵਾਂ ਹਨ ਜੋ ਗੰਭੀਰ COVID-19 ਦੇ ਖ਼ਤਰੇ ਨੂੰ ਵਧਾਉਂਦੀਆਂ ਹਨ।

ਇਹਨਾਂ ਵਿੱਚ ਹੇਠ ਲਿਖੀਆਂ ਜਾਂ ਇਹੋ ਜਿਹੀਆਂ ਹੋਰ ਬਿਮਾਰੀਆਂ ਵਾਲੇ ਬੱਚੇ ਵੀ ਸ਼ਾਮਲ ਹਨ:

- ਪ੍ਰਾਇਮਰੀ ਜਾਂ ਸੈਕੰਡਰੀ ਪੱਧਰ ਦੀ ਪ੍ਰਤੀਰੋਧਤਾ ਪ੍ਰਣਾਲੀ ਦੀ ਕਮਜ਼ੋਰੀ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜੋ ਕੈਂਸਰ ਵਾਸਤੇ ਇਲਾਜ ਕਰਵਾ ਰਹੇ ਹਨ, ਜਾਂ ਪ੍ਰਤੀਰੋਧਤਾ ਪ੍ਰਣਾਲੀ ਨੂੰ ਦਬਾਉਣ ਵਾਲੇ (ਇਮਿਊਨੋਸਪਰੈਸਿਵ) ਇਲਾਜ ਕਰਵਾ ਰਹੇ ਹਨ;
- ਹੱਡੀ ਦੀ ਮਿੱਝ ਜਾਂ ਸਟੈੱਮ ਸੈੱਲ ਪ੍ਰਤੀਰੋਪਣ, ਜਾਂ ਚਿਮਰਿਕ ਐਂਟੀਜਨ ਟੀ-ਸੈੱਲ (CAR-T) ਚਿਕਿਤਸਾ ਵਾਲਾ ਇਲਾਜ;
- ਗੁੰਝਲਦਾਰ ਜਮਾਂਦਰੂ ਦਿਲ ਦੀ ਬਿਮਾਰੀ;
- ਸਾਹ ਵਾਲੇ ਰਸਤੇ ਦੇ ਢਾਂਚੇ ਦੀਆਂ ਗੜਬੜੀਆਂ ਜਾਂ ਫੇਫੜਿਆਂ ਦੀ ਲੰਮੇ ਸਮੇਂ ਦੀ ਬਿਮਾਰੀ;
- ਕਿਸਮ 1 ਦੀ ਡਾਇਬਿਟੀਜ਼ ਮੈਲੀਟਸ;
- ਲੰਮੇ ਸਮੇਂ ਦੀਆਂ ਤੰਤੂ-ਵਿਗਿਆਨਕ ਜਾਂ ਤੰਤੂ-ਮਾਸਪੇਸ਼ੀਆਂ ਦੀਆਂ ਸਮੱਸਿਆਵਾਂ; ਜਾਂ

- ਮਹੱਤਵਪੂਰਨ ਜਾਂ ਗੁੰਝਲਦਾਰ ਸਿਹਤ ਲੋੜਾਂ, ਜਾਂ ਇਕ ਤੋਂ ਵਧੇਰੇ ਸਹਿ-ਬਿਮਾਰੀਆਂ ਵਾਲੀ ਅਪੰਗਤਾ, ਜੋ ਗੰਭੀਰ COVID-19 (ਜਿਵੇਂ ਕਿ ਤੀਬਰ ਸੈਰੀਬਰਾਲ ਪਾਲਸੀ ਜਾਂ ਡਾਊਨ ਸਿੰਡਰੋਮ) ਦੇ ਖਤਰੇ ਨੂੰ ਵਧਾ ਦਿੰਦੀ ਹੈ।

ਇਨ੍ਹਾਂ ਬੱਚਿਆਂ ਵਿੱਚ COVID-19 ਤੋਂ ਬਹੁਤ ਬਿਮਾਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। COVID-19 ਦੇ ਵਿਰੁੱਧ ਟੀਕਾਕਰਨ ਇਸ ਖ਼ਤਰੇ ਨੂੰ ਘਟਾਉਣ ਵਿੱਚ ਸਹਾਇਤਾ ਕਰੇਗਾ।

6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚੇ ਜੋ ਯੋਗ ਸ਼੍ਰੇਣੀਆਂ ਵਿੱਚ ਸੂਚੀਬੱਧ ਨਹੀਂ ਹਨ, ਉਹਨਾਂ ਵਿੱਚ COVID-19 ਤੋਂ ਗੰਭੀਰ ਬਿਮਾਰੀ ਹੋਣ ਦਾ ਬਹੁਤ ਘੱਟ ਖ਼ਤਰਾ ਹੁੰਦਾ ਹੈ। ਉਨ੍ਹਾਂ ਨੂੰ ਇਸ ਸਮੇਂ COVID-19 ਵੈਕਸੀਨ ਲਗਵਾਉਣ ਦੀ ਸਿਫਾਰਸ਼ **ਨਹੀਂ** ਕੀਤੀ ਜਾਂਦੀ ਹੈ।

**6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਨੂੰ ਕਿਹੜੀ ਵੈਕਸੀਨ ਮਿਲੇਗੀ?**

ਬੱਚਿਆਂ ਦੇ Moderna COVID-19 ਟੀਕੇ (Spikevax) ਅਤੇ ਬੱਚਿਆਂ ਦੇ Pfizer COVID-19 ਟੀਕੇ (ਕੋਮੀਰਨਾਟੀ) ਨੂੰ 6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਕੁਝ ਬੱਚਿਆਂ ਲਈ ਮਨਜ਼ੂਰੀ ਦਿੱਤੀ ਗਈ ਹੈ।

ਬੱਚਿਆਂ ਨੂੰ ਆਪਣੀਆਂ ਮੁੱਢਲੀਆਂ ਖੁਰਾਕਾਂ ਵਾਸਤੇ ਵੈਕਸੀਨ ਦੇ ਇੱਕੋ ਬਰਾਂਡ ਨੂੰ ਲਗਵਾਉਣਾ ਚਾਹੀਦਾ ਹੈ। Pfizer ਵੈਕਸੀਨ ਵਾਸਤੇ, ਇਹ 3 ਖੁਰਾਕਾਂ ਹਨ, ਜਿੰਨ੍ਹਾਂ ਨੂੰ 8 ਹਫਤਿਆਂ ਦੇ ਵਕਫੇ ਬਾਅਦ ਲਗਾਇਆ ਜਾਂਦਾ ਹੈ। Moderna ਟੀਕੇ ਲਈ, ਇਹ 2 ਖੁਰਾਕਾਂ ਹਨ, ਜਿਨ੍ਹਾਂ ਨੂੰ 8 ਹਫ਼ਤਿਆਂ ਦੇ ਫਰਕ ਨਾਲ ਲਗਾਇਆ ਜਾਂਦਾ ਹੈ।

ਗੰਭੀਰ ਤੌਰ ‘ਤੇ ਕਮਜ਼ੋਰ ਪ੍ਰਤੀਰੋਧਤਾ ਪ੍ਰਣਾਲੀ ਵਾਲੇ ਕੁਝ ਬੱਚਿਆਂ ਨੂੰ Moderna ਵੈਕਸੀਨ ਦੀਆਂ 3 ਮੁੱਢਲੀਆਂ ਖੁਰਾਕਾਂ ਦੀ ਲੋੜ ਪੈ ਸਕਦੀ ਹੈ।

**ਕੀ ਮੇਰੇ ਬੱਚੇ ਨੂੰ ਬੂਸਟਰ ਖੁਰਾਕ ਦੀ ਲੋੜ ਪਵੇਗੀ?**

6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਲਈ COVID-19 ਵੈਕਸੀਨ ਬੂਸਟਰ ਖੁਰਾਕਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

ਗੰਭੀਰ COVID-19 ਲਈ ਖਤਰੇ ਦੇ ਕਾਰਕਾਂ ਵਾਲੇ 5 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਕੁਝ ਬੱਚਿਆਂ ਨੂੰ ਉਨ੍ਹਾਂ ਦੀ ਆਖਰੀ ਖੁਰਾਕ ਤੋਂ 3 ਮਹੀਨੇ ਬਾਅਦ ਬੂਸਟਰ ਖੁਰਾਕ ਲਗਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। Pfizer COVID-19 ਟੀਕਾ ਇੱਕੋ ਇਕ COVID-19 ਟੀਕਾ ਹੈ ਜੋ 5 ਸਾਲ ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਬੂਸਟਰ ਖੁਰਾਕ ਵਜੋਂ ਵਰਤਣ ਲਈ ਪ੍ਰਵਾਨਿਤ ਹੈ।

**COVID-19 ਵੈਕਸੀਨਾਂ ਅਤੇ ਹੋਰ ਵੈਕਸੀਨਾਂ**

Australian Technical Advisory Group on Immunisation (ATAGI) ਸਿਫਾਰਸ਼ ਕਰਦਾ ਹੈ ਕਿ 6 ਮਹੀਨਿਆਂ ਤੋਂ 4 ਸਾਲ ਦੀ ਉਮਰ ਦੇ ਬੱਚਿਆਂ ਨੂੰ ਬੁਖਾਰ ਵਰਗੇ ਮਾੜੇ ਪ੍ਰਭਾਵਾਂ ਦੇ ਖ਼ਤਰੇ ਨੂੰ ਘੱਟ ਕਰਨ ਲਈ ਆਪਣੇ COVID-19 ਵੈਕਸੀਨ ਅਤੇ ਹੋਰ ਵੈਕਸੀਨਾਂ ਦੇ ਵਿਚਕਾਰ 7 ਤੋਂ 14 ਦਿਨਾਂ ਤੱਕ ਉਡੀਕ ਕਰਨੀ ਚਾਹੀਦੀ ਹੈ। ਹਾਲਾਂਕਿ, COVID-19 ਵੈਕਸੀਨ ਨੂੰ ਹੋਰ ਵੈਕਸੀਨਾਂ ਦੀ ਤਰ੍ਹਾਂ ਉਸੇ ਸਮੇਂ ਲਗਾਇਆ ਜਾ ਸਕਦਾ ਹੈ ਜੇ ਇਹ ਵੱਖਰੇ ਸਮੇਂ 'ਤੇ ਲਗਾਉਣਾ ਚੁਣੌਤੀਪੂਰਨ ਹੋਵੇਗਾ, ਜਿਵੇਂ ਕਿ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਆਊਟਰੀਚ ਪ੍ਰੋਗਰਾਮਾਂ ਦੇ ਨਾਲ।

## ਜੇ ਤੁਹਾਡੇ ਬੱਚੇ ਨੂੰ COVID-19 ਹੋਇਆ ਸੀ

ਤੁਹਾਡੇ ਬੱਚੇ ਨੂੰ COVID-19 ਵੈਕਸੀਨ ਲੈਣ ਤੋਂ ਪਹਿਲਾਂ COVID-19 ਲਈ ਪੌਜ਼ੇਟਿਵ ਟੈਸਟ ਕਰਨ ਤੋਂ ਬਾਅਦ 3 ਮਹੀਨਿਆਂ ਲਈ ਉਡੀਕ ਕਰਨੀ ਚਾਹੀਦੀ ਹੈ। ਜੇ ਤੁਹਾਡਾ ਬੱਚਾ ਟੀਕਾਕਰਨ ਲਈ ਯੋਗ ਹੈ, ਤਾਂ ਅਗਲਾ ਤੈਅ ਕੀਤਾ COVID-19 ਟੀਕਾਕਰਨ 3 ਮਹੀਨਿਆਂ ਬਾਅਦ ਜਿੰਨੀ ਜਲਦੀ ਸੰਭਵ ਹੋਵੇ ਲਗਾਇਆ ਜਾਣਾ ਚਾਹੀਦਾ ਹੈ। ਤੁਹਾਡੇ ਬੱਚੇ ਨੂੰ ਅਜੇ ਵੀ ਉਹਨਾਂ ਵਾਸਤੇ ਸਿਫਾਰਸ਼ ਕੀਤੀਆਂ ਸਾਰੀਆਂ ਖੁਰਾਕਾਂ ਲਗਵਾਉਣੀਆਂ ਚਾਹੀਦੀਆਂ ਹਨ।

## ਵੈਕਸੀਨ ਲਗਵਾਉਣ ਵਾਸਤੇ ਮੈਂ ਆਪਣੇ ਬੱਚੇ ਲਈ ਮੁਲਾਕਾਤ ਕਦੋਂ ਬੁੱਕ ਕਰ ਸਕਦਾ ਹਾਂ?

ਵੈਕਸੀਨ ਕਲੀਨਿਕ ਲੱਭਣ ਵਾਲੇ ਰਾਹੀਂ ਇਸ ਉਮਰ ਸਮੂਹ ਦੇ ਯੋਗ ਬੱਚਿਆਂ ਲਈ ਬੁਕਿੰਗਾਂ ਹੁਣ ਖੁੱਲ੍ਹੀਆਂ ਹਨ:
https://covid-vaccine.healthdirect.gov.au/booking/

ਬਕਾਇਦਾ ਤੌਰ 'ਤੇ ਦੁਬਾਰਾ ਜਾਂਚ ਕਰਦੇ ਰਹੋ, ਕਿਉਂਕਿ ਟੀਕਾਕਰਨ ਪ੍ਰਦਾਤਾ ਨਵੀਆਂ ਮੁਲਾਕਾਤਾਂ ਦੇ ਸਮੇਂ ਨੂੰ ਸ਼ਾਮਲ ਕਰਨਾ ਜਾਰੀ ਰੱਖਣਗੇ।

## ਵਧੇਰੇ ਜਾਣਕਾਰੀ

Interpreter

ਵਧੇਰੇ ਜਾਣਕਾਰੀ ਲਈ, www.health.gov.au 'ਤੇ ਜਾਓ, ਜਾਂ 1800 020 080 'ਤੇ ਰਾਸ਼ਟਰੀ ਕਰੋਨਾਵਾਇਰਸ ਸਹਾਇਤਾ ਲਾਈਨ ਨੂੰ ਫ਼ੋਨ ਕਰੋ। ਮੁਫ਼ਤ ਵਿੱਚ ਦੁਭਾਸ਼ੀਆ ਸੇਵਾਵਾਂ ਵਾਸਤੇ ਵਿਕਲਪ 8 ਦਬਾਓ।